# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 01 ਅਕਤੂਬਰ 2026 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਿਰਮੌਰ ਪੱਤਰਕਾਰ ਜਤਿੰਦਰ ਪੰਨੂੰ ਦੀ ਕਿਤਾਬ ਖੋਜ ਆਧਾਰਿਤ ਵੱਡ ਆਕਾਰੀ ਪੁਸਤਕ "ਪੰਜਾਬ ਦੇ ਲੋਕ ਤੰਤਰੀ ਇਤਿਹਾਸ ਦਾ ਸੰਖੇਪ ਸਾਰ ਡਾ. ਸ ਸ ਜੌਹਲ ਤੇ ਹੋਰਨਾਂ ਵੱਲੋਂ ਲੋਕ ਅਰਪਣ

ਲੁਧਿਆਣਾ : 1 ਅਕਤੂਬਰ : ਪ੍ਰਗਤੀਸ਼ੀਲ ਲੇਖਕ ਸੰਘ ਲੁਧਿਆਣਾ ਵੱਲੋਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਹਿਯੋਗ ਨਾਲ ਸ੍ਰੀ ਜਤਿੰਦਰ ਪੰਨੂੰ ਦੀ ਵੱਡ ਆਕਾਰੀ ਖੋਜ ਪੁਸਤਕ ਕਿਤਾਬ 'ਪੰਜਾਬ ਦੇ ਲੋਕਤੰਤਰੀ ਇਤਿਹਾਸ ਦਾ ਸੰਖੇਪ ਸਾਰ' ਡਾ. ਸ ਸ ਜੌਹਲ ਤੇ ਹੋਰ ਸਿਰਕੱਢ ਹਸਤੀਆਂ ਵੱਲੋਂ ਵੱਲੋਂ ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਅਰਥ ਸ਼ਾਸਤਰੀ ਪਦਮ ਭੂਸ਼ਨ ਡਾ. ਸ.ਸ. ਜੌਹਲ ਨੇ ਕੀਤੀ।

ਪ੍ਰਗਤੀਸ਼ੀਲ ਲੇਖਕ ਸੰਘ ਲੁਧਿਆਣਾ ਦੇ ਪ੍ਰਧਾਨ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸਭ ਨੂੰ ਜੀ ਆਇਆਂ ਨੂੰ ਕਹਿੰਦਿਆਂ ਸਮਾਗਮ ਬਾਰੇ ਸੰਖੇਪ ਜਾਣਕਾਰੀ ਦਿੱਤੀ । ਉਨ੍ਹਾਂ ਕਿਹਾ ਕਿਤਾਬ ਲੋਕ ਅਰਪਣ ਕਰਨ ਤੋਂ ਪਹਿਲਾਂ ਕਿਤਾਬ ਪੜ੍ਹੀ ਹੋਈ ਜਾਂ ਲੇਖਕ ਪੜ੍ਹਿਆ ਹੋਇਆ ਹੋਣਾ ਚਾਹੀਦਾ ਹੈ। ਅਸੀਂ ਲੇਖਕ ਨੂੰ ਚੰਗੀ ਤਰ੍ਹਾਂ ਜਾਣਦੇ ਵੀ ਹਾਂ ਤੇ ਪੜ੍ਹਿਆ ਹੋਇਆ ਵੀ ਹੈ। ਸੰਘ ਦੇ ਜਨਰਲ ਸਕੱਤਰ ਜਸਵੀਰ ਝੱਜ ਨੇ ਕਿਹਾ ਜਤਿੰਦਰ ਪੰਨੂੰ ਉੱਘੇ ਪੱਤਰਕਾਰ ਹੀ ਨਹੀਂ ਖੋਜੀ ਲੇਖਕ ਵੀ ਹਨ।




ਕਿਤਾਬ ਦੀ ਜਾਣ ਪਛਾਣ ਕਰਵਾਉਂਦਿਆਂ ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਜਤਿੰਦਰ ਪੰਨੂੰ ਅਤੇ ਕਿਤਾਬ ਬਾਰੇ ਕਿਹਾ ਇਹ ਵੱਡ ਆਕਾਰੀ ਕਿਤਾਬ ਹੀ ਨਹੀਂ ਸਗੋਂ ਇਕ ਵਡਮੁੱਲਾ ਹਵਾਲਾ-ਦਸਤਾਵੇਜ਼ ਹੈ ਜਿਸ ਵਿਚ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟ ਚੁੱਕੇ ਜਾਂ ਆਪਣਾ ਯੋਗਦਾਨ ਪਾਉਣ ਵਾਲੀਆਂ ਲੋਕਤੰਤਰੀ ਨਿਜ਼ਾਮ ਦੀਆਂ ਉੱਚ ਸ਼ਖ਼ਸੀਅਤਾਂ ਦਾ ਇਤਿਹਾਸ ਦਰਜ ਹੈ। ਉਨ੍ਹਾਂ ਕਿਹਾ ਕਿ ਇਹ ਪੁਸਤਕ ਆਧਾਰ ਭੂਮੀ ਹੈ। ਇਸ ਤੋਂ ਅੱਗੇ ਤੁਰਨਾ ਯੂਨੀਵਰਸਿਟੀਆਂ ਦੇ ਸਮਾਜ ਸ਼ਾਸਤਰੀਆਂ, ਯੋਜਨਾਕਾਰਾਂ ਤੇ ਰਾਜਨੀਤੀ ਸ਼ਾਸਤਰੀਆਂ ਕੰਮ ਹੈ।

ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ. ਸ. ਸ. ਜੌਹਲ ਹੋਰਾਂ ਨੇ ਕਿਹਾ ਕਿ ਜਤਿੰਦਰ ਪੰਨੂੰ ਨੇ ਅਜੇ ਤਾਂ ਇਸ ਕਿਤਾਬ ਵਿਚ ਸੰਖੇਪ ਸਾਰ ਹੀ ਲਿਖਿਆ ਹੈ। ਜੇ ਘਟਨਾਵਾਂ ਤੇ ਵਿਅਕਤੀਆਂ ਨੂੰ ਵਿਸਥਾਰ ਦਿੱਤਾ ਹੁੰਦਾ ਤਾਂ ਇਸ ਕਿਤਾਬ ਦਾ ਆਕਾਰ ਬਹੁਤ ਵੱਡਾ ਹੋਣਾ ਸੀ। ਇਸ ਕਿਤਾਬ ਵਿਚੋਂ ਆਮ ਲੋਕਾਂ ਅਤੇ ਸਰਕਾਰੀ ਅਫ਼ਸਰਾਂ ਨੂੰ ਭਰਪੂਰ ਜਾਣਕਾਰੀ ਮਿਲੇਗੀ।

ਕਿਤਾਬ ਦੇ ਲੇਖਕ ਜਤਿੰਦਰ ਪੰਨੂੰ ਨੇ ਕਿਹਾ ਕਿ ਮੈਂ ਕਦੇ ਸੋਚਿਆ ਨਹੀਂ ਸੀ ਕਿ ਮੈਂ ਪੱਤਰਕਾਰ ਬਣਾਂਗਾ। ਇਸ ਕਿਤਾਬ ਨੂੰ ਲਿਖਣ ਦਾ ਕਾਰਨ ਵੀ ਇਹ ਹੈ ਕਿ ਅਸੀਂ ਪੰਜਾਬੀ ਆਪਣਾ ਲੋਕਤੰਤਰੀ ਪਿਛੋਕੜ ਭੁੱਲਦੇ ਜਾਂਦੇ ਹਾਂ।

ਪਹਿਲਾਂ ਐਮ.ਐਲ.ਏ., ਐਮ.ਪੀ. ਕੌਣ ਸੀ। ਅਗਲਾ ਆਉਣ ਤੋਂ ਪਹਿਲਾ ਕੌਣ ਸੀ ਪਿਛਲਾ ਭੁੱਲ ਜਾਂਦੇ ਹਾਂ। ਇਥੋਂ ਤੱਕ ਕਿ ਸਰਕਾਰੀ ਰਿਕਾਰਡਾਂ ਵਿਚ ਵੀ ਬੇਅੰਤ ਊਣਤਾਈਆਂ ਤੇ ਗਲਤ ਇੰਦਰਾਜ ਮਿਲਦੇ ਹਨ। ਪਹਿਲੀ ਕੀਤੀ ਇੰਦਰਾਜ ਗਲਤੀ ਨੂੰ ਲਗਾਤਾਰ ਮੁੜ ਮੁੜ ਦੁਹਰਾਇਆ ਜਾ ਰਿਹਾ ਹੈ। ਹੋਰ ਤਾਂ ਹੋਰ ਇਥੋਂ ਤੱਕ ਕਿ ਸਾਬਕਾ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੀ ਮੌਤ ਤੋਂ ਬਾਅਦ ਜਿਮਨੀ ਚੋਣ ਜਿੱਤੀ ਉਸ ਦੀ ਪਤਨੀ ਸਰਦਾਰਨੀ ਰਾਮ ਕੌਰ ਦਾ ਨਾਮ ਕਿਤੇ ਵੀ ਦਰਜ ਨਹੀਂ।
ਅੰਤ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਸੀਨੀਅਰ ਮੀਤ ਪ੍ਰਧਾਨ ਸਰਦਾਰਨੀ ਇੰਦਰਜੀਤ ਪਾਲ ਕੌਰ ਭਿੰਡਰ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

ਇਸ ਮੌਕੇ ਜਨਾਬ ਪਰਾਇਮ ਏਸ਼ੀਆ ਟੀ ਵੀ ਚੈਨਲ ਕੈਨੇਡਾ ਦੇ ਸੀ ਈ ਓ ਅਮਨ ਖਟਕੜ, ਖ਼ਾਲਿਦ ਹੁਸੈਨ, ਨਾਵਲਕਾਰ ਬਲਬੀਰ ਪਰਵਾਨਾ, ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ, ਡਾ.ਨਿਰਮਲ ਜੌੜਾ, ਡਾ. ਜਗਵਿੰਦਰ ਜੋਧਾ, ਗੁਰਪ੍ਰੀਤ ਸਿੰਘ ਤੂਰ, ਕੇ. ਸਾਧੂ ਸਿੰਘ, ਪ੍ਰਿੰਸੀਪਲ ਕ੍ਰਿਸ਼ਨ ਸਿੰਘ, ਡਾ. ਗੁਰਇਕਬਾਲ ਸਿੰਘ, ਤੇਜ ਪ੍ਰਤਾਪ ਸਿੰਘ ਸੰਧੂ, ਬ੍ਰਿਜ ਭੂਸ਼ਨ ਗੋਇਲ,ਰਾਜਦੀਪ ਸਿੰਘ ਤੂਰ, ਬਰਜਿੰਦਰ ਕੌਰ ਬਿਸਰਾਓ, ਸੁਰਿੰਦਰ ਦੀਪ, ਹਰਵਿੰਦਰ ਥਰੀਕੇ, ਮਲਕੀਅਤ ਸਿੰਘ ਔਲਖ,ਤਰਲੋਚਨ ਝਾਂਡੇ, ਭਗਵਾਨ ਢਿੱਲੋਂ, ਦਲਵੀਰ ਲੁਧਿਆਣਵੀ, ਹਰੀਸ਼ ਮੋਦਗਿੱਲ, ਵਿਜੇ, ਅਸ਼ਵਨੀ ਜੇਤਲੀ ਪ੍ਰੇਮ,ਡਾ. ਤਰਲੋਚਨ ਸਿੰਘ, ਜਨਮੇਜਾ ਸਿੰਘ ਜੌਹਲ, ਡਾ. ਦੁਲਚਾ ਸਿੰਘ ਬਰਾੜ ਸਮੇਤ ਕਾਫ਼ੀ ਵੱਡੀ ਗਿਣਤੀ ਵਿਚ ਲੇਖਕ ਹਾਜ਼ਰ ਸਨ।

## ਦੋ ਦਿਨੀ ਵਿਰਾਸਤੀ ਅਤੇ ਕੋਮਲ ਕਲਾਵਾਂ ਦੀਆਂ ਵੰਨਗੀਆਂ ਦੀ ਵਰਕਸ਼ਾਪ ਦਾ ਆਯੋਜਨ




ਲੁਧਿਆਣਾ 1 ਅਕਤੂਬਰ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅੰਤਰ-ਕਾਲਜ ਯੁਵਕ ਮੇਲੇ ਦੀ ਵਿਰਾਸਤੀ ਅਤੇ ਕੋਮਲ ਕਲਾਵਾਂ ਦੀਆਂ ਵੰਨਗੀਆਂ ਵਿੱਚ ਹਿੱਸਾ ਲੈਣ ਵਾਲੇ ਯੂਨੀਵਰਸਿਟੀ ਵਿਦਿਆਰਥੀਆਂ ਦੇ ਹੁਨਰ ਨੂੰ ਹੋਰ ਨਿਖਾਰਨ ਲਈ ਨਿਰਦੇਸ਼ਕ ਵਿਦਿਆਰਥੀ ਭਲਾਈ, ਪੀ ਏ ਯੂ, ਲੁਧਿਆਣਾ ਵੱਲੋਂ ਦੋ ਦਿਨੀ ਵਿਰਾਸਤੀ ਅਤੇ ਕੋਮਲ ਕਲਾਵਾਂ ਦੀ ਵਰਕਸ਼ਾਪ ਦਾ ਆਯੋਜਨ ਮਿਤੀ 29 ਅਤੇ 30 ਸਤੰਬਰ, 2026 ਨੂੰ ਵਿਦਿਆਰਥੀ ਭਵਨ ਵਿਖੇ ਕੀਤਾ ਗਿਆ।

ਇਸ ਵਰਕਸ਼ਾਪ ਦਾ ਉਦਘਾਟਨ ਕਰਦਿਆਂ ਨਿਰਦੇਸ਼ਕ ਵਿਦਿਆਰਥੀ ਭਲਾਈ, ਡਾ ਕਮਲਜੀਤ ਸਿੰਘ ਸੂਰੀ ਨੇ ਵਿਦਿਆਰਥੀਆਂ ਨੂੰ ਸ਼ੁਭ ਇਛਾਵਾਂ ਦਿੱਤੀਆਂ ਅਤੇ ਲਗਨ ਨਾਲ ਇਸ ਵਰਕਸ਼ਾਪ ਦੇ ਮਾਹਿਰਾਂ ਤੋਂ ਨੁਕਤੇ ਸਿੱਖਣ ਲਈ ਪ੍ਰੇਰਿਤ ਕੀਤਾ। ਡਾ ਕਮਲਜੀਤ ਸਿੰਘ ਸੂਰੀ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦਾ ਇਸ ਸ਼ੈਸ਼ਨ ਦਾ ਅੰਤਰ-ਕਾਲਜ ਯੁਵਕ ਮੇਲਾ ਮਿਤੀ 30 ਅਕਤੂਬਰ ਤੋਂ 6 ਨਵੰਬਰ, 2026 ਨੂੰ ਆਯੋਜਿਤ ਕੀਤਾ ਜਾਵੇਗਾ। ਜਿਸ ਵਿੱਚ ਪੀ ਏ ਯੂ ਦੇ ਵੱਖ-ਵੱਖ ਕਾਲਜਾਂ ਅਤੇ ਸੰਸਥਾਵਾਂ ਦੇ ਵਿਦਿਆਰਥੀ ਲੋਕ ਨਾਚ, ਸੰਗੀਤਕ, ਕੋਮਲ ਕਲਾਵਾਂ, ਵਿਰਾਸਤੀ ਕਲਾਵਾਂ, ਸਾਹਿਤਕ ਅਤੇ ਰੰਗ ਮੰਚ ਸ਼੍ਰੇਣੀਆਂ ਦੀਆਂ ਵੱਖ ਵੱਖ ਵੰਨਗੀਆਂ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣਗੇ।







ਯੂਨੀਵਰਸਿਟੀ ਦੇ ਐਸੋਸੀਏਟ ਡਾਇਰੈਕਟਰ ਕਲਚਰ, ਡਾ ਰੁਪਿੰਦਰ ਕੌਰ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਭਾਗੀਦਾਰ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਅਤੇ ਉਹਨਾਂ ਦੇ ਹੁਨਰ ਨੂੰ ਹੋਰ ਨਿਖਾਰਣ ਲਈ ਵਰਕਸ਼ਾਪ ਦੇ ਪਹਿਲੇ ਦਿਨ ਕੋਮਲ ਕਲਾਵਾਂ ਦੀਆਂ 11 ਵੰਨਗੀਆਂ ਲਈ ਡਾ ਪੂਜਾ ਸ਼ਰਮਾ, ਮੁਖੀ ਕੋਮਲ ਕਲਾਵਾਂ ਵਿਭਾਗ, ਐਮ ਸੀ ਐਮ ਡੀ ਏ ਵੀ ਕਾਲਜ, ਚੰਡੀਗੜ ਨੇ ਵਿਦਿਆਰਥੀਆਂ ਨਾਲ ਗ੍ਰਾਫਟੀ, ਕੋਲਾਜ਼ ਬਣਾਉਨਾ, ਪੋਸਟਰ ਮੇਕਿੰਗ, ਕਾਰਟੂਨਿੰਗ, ਰੰਗੋਲੀ, ਮਹਿੰਦੀ, ਕਲੇਅ ਮਾਡਲੰਿਗ, ਪੇਂਟਿੰਗ, ਫੋਟੋਗ੍ਰਾਫੀ, ਡੂਡਲੰਿਗ, ਕੈਲੀਗ੍ਰਾਫੀ ਦੇ ਮੁਕਾਬਲਿਆਂ ਸਬੰਧੀ ਜਾਣਕਾਰੀ ਸਾਂਝੀ ਕੀਤੀ। ਦੂਸਰੇ ਦਿਨ, ਵਿਰਾਸਤੀ ਕਲਾਵਾਂ ਦੀਆਂ 11 ਵੰਨਗੀਆਂ ਲਈ ਚੰਡੀਗੜ ਤੋਂ ਲੋਕ ਕਲਾਵਾਂ ਦੇ ਮਾਹਿਰ ਡਾ ਪ੍ਰਭਲੀਨ ਕੌਰ ਨੇ ਵਿਦਿਆਰਥੀਆਂ ਦੇ ਰੂਬਰੂ ਹੋਏ। ਡਾ ਪ੍ਰਭਲੀਨ ਨੇ ਵਿਦਿਆਰਥੀਆਂ ਨੂੰ ਇੰਨੂ ਬੁਣਨਾ, ਛਿੱਕੂ ਬੁਣਨਾ, ਫੁੱਲਕਾਰੀ ਕੱਢਣਾ, ਮਿੱਟੀ ਦੇ ਖਿਡੌਣੇ ਬਣਾਉਨਾ, ਨਾਲੇ ਬੁਣਨਾ, ਪੀੜ੍ਹੀ ਬੁਣਨਾ, ਪੱਖੀ ਬੁਣਨਾ, ਬੁਣਾਈ, ਦਸੂਤੀ ਦੀ ਕਢਾਈ, ਕਰੋਸ਼ੀਆ, ਗੁੱਡੀਆਂ ਪਟੋਲੇ ਬਣਾਉਣਾ ਦੀਆਂ ਵੰਨਗੀਆਂ ਦੇ ਸਬੰਧੀ ਜਾਣਕਾਰੀ ਸਾਂਝੀ ਕੀਤੀ।

ਯੂਨੀਵਰਸਿਟੀ ਦੇ ਰਜਿਸਟਰਿੰਗ ਅਫਸਰ, ਸ. ਸਤਵੀਰ ਸਿੰਘ ਨੇ ਦੱਸਿਆ ਕਿ ਇਸ ਦੋ ਦਿਨ ਦੀ ਕਲਾ-ਵਰਕਸ਼ਾਪ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਕੈਂਪਸ ਦੇ ਸਾਰੇ ਕਾਲਜਾਂ ਦੇ ਨਾਲ ਨਾਲ ਪੀ.ਏ.ਯੂ. ਐਗਰੀਕਲਚਰ ਕਾਲਜ, ਬੱਲੋਵਾਲ ਸੌਂਖੜੀ ਤੋਂ 200 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਵੱਖ ਵੱਖ ਵੰਨਗੀਆਂ ਸਬੰਧੀ ਮਾਹਿਰਾਂ ਤੋਂ ਸਿਖਲਾਈ ਲਈ। ਇਸ ਵਰਕਸ਼ਾਪ ਦੌਰਾਨ ਡਾ ਅਭੀਸ਼ੇਕ ਸ਼ਰਮਾ, ਪ੍ਰਧਾਨ ਯੂਨੀਵਰਸਿਟੀ ਫਾਈਨ ਆਰਟਸ ਅਤੇ ਫੋਟੋਗ੍ਰਾਫੀ ਕਲੱਬ, ਡਾ ਕਮਲਦੀਪ ਸਿੰਘ ਸੰਘਾ, ਡਾ ਸ਼ਰਨਬੀਰ ਕੌਰ ਬੱਲ, ਡਾ ਕਰਨਬੀਰ ਸਿੰਘ ਗਿੱਲ, ਡਾ ਸੁਮਨ ਕੁਮਾਰੀ, ਡਾ ਗੁਰਨਾਜ਼ ਗਿੱਲ (ਵੱਖ ਵੱਖ ਕਾਲਜਾਂ ਦੇ ਡੀ ਡੀ ਐਮ ਸੀ ਪ੍ਰਧਾਨ), ਸਾਰੇ ਕਾਲਜਾਂ ਤੋਂ ਸਬੰਧਤ ਅਧਿਆਪਕ ਇੰਚਾਰਜ ਵੀ ਸ਼ਾਮਲ ਹੋਏ। ਡਾ ਆਸ਼ੂ ਤੂਰ ਨੇ ਇਸ ਵਰਕਸ਼ਾਪ ਦੌਰਾਨ ਮੰਚ ਦਾ ਸੰਚਾਲਨ ਕੀਤਾ।

## ਪੀ.ਏ.ਯੂ. ਕਿਸਾਨ ਕਲੱਬ ਦਾ ਮਾਸਿਕ ਸਿਖਲਾਈ ਕੈਂਪ ਲਾਇਆ ਗਿਆ



ਲੁਧਿਆਣਾ 1 ਅਕਤੂਬਰ : ਪੀ.ਏ.ਯੂ. ਦੇ ਕਿਸਾਨ ਕਲੱਬ ਵੱਲੋਂ ਕਰਵਾਏ ਜਾਂਦੇ ਮਾਸਿਕ ਸਿਖਲਾਈ ਕੈਂਪਾਂ ਦੀ ਲੜੀ ਵਿਚ ਅੱਜ ਇਕ ਵਿਸ਼ੇਸ਼ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ| ਇਸ ਵਿਚ ਮਾਹਿਰਾਂ ਨੇ 110 ਦੇ ਕਰੀਬ ਕਿਸਾਨਾਂ ਦੀ ਹਾਜ਼ਰੀ ਵਿਚ ਚਲੰਤ ਖੇਤੀ ਕਾਰਜਾਂ ਅਤੇ ਸਮੱਸਿਆਵਾਂ ਬਾਰੇ ਜਾਗਰੂਕਤਾ ਫੈਲਾਈ| ਫਸਲ ਵਿਗਿਆਨ ਵਿਭਾਗ ਦੇ ਮਾਹਿਰ ਡਾ. ਜਗਰੂਪ ਕੌਰ ਨੇ ਪਰਾਲੀ ਦੀ ਸੰਭਾਲ ਦੇ ਨੁਕਤੇ ਅਤੇ ਲਾਭ ਕਿਸਾਨਾਂ ਨਾਲ ਸਾਂਝੇ ਕੀਤੇ| ਸਰਦੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ ਬਾਰੇ ਡਾ. ਰੂਮਾ ਦੇਵੀ ਨੇ ਵਿਸਥਾਰ ਨਾਲ ਜਾਣਕਾਰੀ ਦਿੱਤੀ| ਫਲੋਰੀਕਲਚਰ ਮਾਹਿਰ ਡਾ. ਸਿਮਰਤ ਸਿੰਘ ਨੇ ਲੈਂਡਸਕੇਪਿੰਗ ਬਾਰੇ ਅਤੇ ਡਾ. ਸ਼ੈਲੀ ਨਈਅਰ ਨੇ ਤੇਲਬੀਜ ਫਸਲਾਂ ਦੀ ਕਾਸ਼ਤ ਬਾਰੇ ਵਿਸਥਾਰ ਨਾਲ ਦੱਸਿਆ| ਕਣਕ ਦੀ ਸਫਲਤਾ ਪੂਰਵਕ ਖੇਤੀ ਲਈ ਡਾ. ਇੰਦਰਪ੍ਰੀਤ ਕੌਰ ਧਾਲੀਵਾਲ ਵੱਲੋਂ ਕਿਸਾਨਾਂ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ|

ਇਸ ਕੈਂਪ ਵਿਚ ਸਵਾਗਤ ਦੇ ਸ਼ਬਦ ਡਾ. ਲਵਲੀਸ਼ ਗਰਗ ਨੇ ਕਹੇ ਜਦਕਿ ਪੀ.ਏ.ਯੂ. ਕਿਸਾਨ ਕਲੱਬ ਦੇ ਪ੍ਰਧਾਨ ਸ਼੍ਰੀ ਮਨਪ੍ਰੀਤ ਸਿੰਘ ਗਰੇਵਾਲ ਨੇ ਅੰਤ ਵਿਚ ਸਭ ਦਾ ਧੰਨਵਾਦ ਕੀਤਾ| ਕੈਂਪ ਦੇ ਕੁਆਰਡੀਨੇਟਰ ਸ਼੍ਰੀ ਵਰਿੰਦਰ ਸਿੰਘ ਸਨ|

## ਬਾਲ ਸੰਭਾਲ ਗ੍ਰਹਿਆਂ ਦੇ ਬੱਚਿਆਂ ਲਈ ਜ਼ਿਲ੍ਹਾ ਪੱਧਰੀ ਸਪੋਰਟਸ ਮੀਟ ਕਰਵਾਈ

### ਖੇਡਾਂ ਬੱਚਿਆਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ ਅਤੇ ਟੀਮ ਭਾਵਨਾ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ: ਗੁਰਮੀਤ ਸਿੰਘਵੱਖ-ਵੱਖ ਟੀਮਾਂ ਨੇ ਵਿਖਾਏ ਜੌਹਰ, ਦਰਸ਼ਕਾਂ ਦਾ ਮਨ ਮੋਹਿਆ



ਲੁਧਿਆਣਾ, 1 ਅਕਤੂਬਰ : ਜੁਵੇਨਾਈਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ ਅਧੀਨ ਸਥਾਪਿਤ ਸਰਕਾਰੀ ਅਤੇ ਗੈਰ-ਸਰਕਾਰੀ ਬਾਲ ਸੰਭਾਲ ਗ੍ਰਹਿਆਂ ਵਿੱਚ ਰਹਿ ਰਹੇ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਉਨ੍ਹਾਂ ਦੀ ਖੇਡ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ. ਗੁਰਮੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਸਪੋਰਟਸ ਮੀਟ ਕਰਵਾਈ ਗਈ। ਇਸ ਮੁਕਾਬਲੇ ਵਿੱਚ ਬੱਚਿਆਂ ਨੇ ਪੂਰੇ ਉਤਸ਼ਾਹ ਅਤੇ ਖੇਡ ਭਾਵਨਾ ਨਾਲ ਭਾਗ ਲੈਂਦਿਆਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਸਪੋਰਟਸ ਮੀਟ ਦੌਰਾਨ ਬੱਚਿਆਂ ਲਈ 100 ਮੀਟਰ ਦੌੜ, ਰਿਲੇਅ ਦੌੜ, ਲੰਬੀ ਛਾਲ, ਉੱਚੀ ਛਾਲ ਅਤੇ ਰੱਸਾਕਸ਼ੀ ਸਮੇਤ ਵੱਖ-ਵੱਖ ਖੇਡ ਮੁਕਾਬਲੇ ਅਤੇ ਮਨੋਰੰਜਕ ਗਤੀਵਿਧੀਆਂ ਕਰਵਾਈਆਂ ਗਈਆਂ। ਸਾਰੇ ਬੱਚਿਆਂ ਨੇ ਇਨ੍ਹਾਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਮੌਕੇ ਭਾਗ ਲੈਣ ਵਾਲੇ ਬੱਚਿਆਂ ਦੀ ਹੌਸਲਾ-ਅਫ਼ਜ਼ਾਈ ਵੀ ਕੀਤੀ ਗਈ, ਤਾਂ ਜੋ ਉਨ੍ਹਾਂ ਵਿੱਚ ਖੇਡਾਂ ਪ੍ਰਤੀ ਰੁਚੀ ਅਤੇ ਆਤਮ-ਵਿਸ਼ਵਾਸ ਹੋਰ ਵਧਾਇਆ ਜਾ ਸਕੇ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਮੀਤ ਸਿੰਘ ਨੇ ਬੱਚਿਆਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਕਿਹਾ ਕਿ ਖੇਡਾਂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ। ਇਨ੍ਹਾਂ ਰਾਹੀਂ ਬੱਚਿਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਟੀਮ ਭਾਵਨਾ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਵਿਕਸਿਤ ਹੁੰਦੀ ਹੈ। ਖੇਡਾਂ ਬੱਚਿਆਂ ਨੂੰ ਜਿੱਤ ਅਤੇ ਹਾਰ ਨੂੰ ਖੇਡ ਭਾਵਨਾ ਨਾਲ ਸਵੀਕਾਰ ਕਰਨ ਦੀ ਸਿੱਖਿਆ ਵੀ ਦਿੰਦੀਆਂ ਹਨ। ਅਜਿਹੇ ਸਮਾਗਮ ਬੱਚਿਆਂ ਦੀਆਂ ਅੰਦਰੂਨੀ ਪ੍ਰਤਿਭਾਵਾਂ ਨੂੰ ਨਿਖਾਰਨ ਅਤੇ ਉਨ੍ਹਾਂ ਨੂੰ ਆਪਣੀ ਸਮਰੱਥਾ ਪਛਾਣਨ ਲਈ ਵਧੀਆ ਮੰਚ ਪ੍ਰਦਾਨ ਕਰਦੇ ਹਨ।

ਉਨ੍ਹਾਂ ਕਿਹਾ ਕਿ ਬੱਚਿਆਂ ਦੀ ਭਲਾਈ, ਸੁਰੱਖਿਆ ਅਤੇ ਉੱਜਵਲ ਭਵਿੱਖ ਨੂੰ ਯਕੀਨੀ ਬਣਾਉਣ ਲਈ ਵਿੱਦਿਅਕ, ਰਚਨਾਤਮਕ ਅਤੇ ਖੇਡ-ਆਧਾਰਿਤ ਗਤੀਵਿਧੀਆਂ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਜਾਂਦਾ ਰਹੇਗਾ।

ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਲੁਧਿਆਣਾ ਰਸ਼ਮੀ ਤੋਂ ਇਲਾਵਾ ਜ਼ਿਲ੍ਹਾ ਬਾਲ ਵਿਕਾਸ ਯੂਨਿਟ ਅਤੇ ਚਾਈਲਡ ਲਾਈਨ ਦੇ ਸਟਾਫ਼ ਮੈਂਬਰ ਦੀਪਕ ਕੁਮਾਰ, ਮਨਜੀਤ ਕੌਰ, ਸੰਦੀਪ ਸਿੰਘ, ਕੁਲਵਿੰਦਰ ਕੌਰ, ਹਰਿੰਦਰ ਸਿੰਘ, ਸੰਜਨਾ, ਰੀਤੂ ਸੂਦ, ਕਿਰਨਦੀਪ ਕੌਰ, ਕਮਲਜੀਤ ਕੌਰ ਅਤੇ ਸੰਦੀਪ ਸਾਗਰ ਵੀ ਮੌਜੂਦ ਸਨ। ਸਮਾਗਮ ਦੇ ਅੰਤ ਵਿੱਚ ਵੱਖ-ਵੱਖ ਖੇਡ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਾਰੇ ਬੱਚਿਆਂ ਨੂੰ ਨਿਯਮਿਤ ਤੌਰ 'ਤੇ ਖੇਡਾਂ ਤੇ ਹੋਰ ਰਚਨਾਤਮਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ।

ਇਹ ਸਪੋਰਟਸ ਮੀਟ ਬੱਚਿਆਂ ਲਈ ਇੱਕ ਯਾਦਗਾਰ ਅਤੇ ਪ੍ਰੇਰਨਾਦਾਇਕ ਤਜਰਬਾ ਸਾਬਤ ਹੋਈ, ਜਿਸ ਨੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦੇ ਨਾਲ-ਨਾਲ ਆਪਸੀ ਸਾਂਝ ਅਤੇ ਖੇਡ ਭਾਵਨਾ ਨੂੰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕੀਤਾ।

## ਗੁਨਜੀਤ ਰੁਚੀ ਬਾਵਾ ਨੰਨ੍ਹੇ ਕਦਮ ਪਹਿਲਕਦਮੀ ਤਹਿਤ ਬਾਲ ਅਧਿਕਾਰਾਂ, ਸੁਰੱਖਿਆ ਅਤੇ ਸਿੱਖਿਆ ਪ੍ਰਤੀ ਜਾਗਰੂਕਤਾ ਲਈ 1,200 ਵਿਦਿਆਰਥੀਆਂ ਨਾਲ ਰੂਬਰੂ ਹੋਏ

### *ਨੰਨ੍ਹੇ ਕਦਮ ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਲੋਹਾਰਾ ਵਿਖੇ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ*



ਲੁਧਿਆਣਾ, 1 ਅਕਤੂਬਰ ਪੰਜਾਬ ਬਾਲ ਅਧਿਕਾਰ ਕਮਿਸ਼ਨ ਦੀ ਵਾਈਸ ਚੇਅਰਪਰਸਨ ਗੁਨਜੀਤ ਰੁਚੀ ਬਾਵਾ ਨੇ 'ਨੰਨ੍ਹੇ ਕਦਮ' ਪਹਿਲਕਦਮੀ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ, ਲੋਹਾਰਾ ਵਿਖੇ ਲਗਭਗ 1,200 ਵਿਦਿਆਰਥੀਆਂ ਨਾਲ ਵਿਸ਼ੇਸ਼ ਗੱਲਬਾਤ ਕੀਤੀ। ਇਸ ਦੌਰਾਨ ਬੱਚਿਆਂ ਨੂੰ ਬਾਲ ਅਧਿਕਾਰਾਂ, ਸੁਰੱਖਿਆ, ਸਿੱਖਿਆ ਅਤੇ ਲੋੜ ਪੈਣ 'ਤੇ ਸਮੇਂ ਸਿਰ ਸਹਾਇਤਾ ਪ੍ਰਾਪਤ ਕਰਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ।

ਗੱਲਬਾਤ ਦੌਰਾਨ ਸ਼੍ਰੀਮਤੀ ਬਾਵਾ ਨੇ ਵਿਦਿਆਰਥੀਆਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਰਹਿਣ, ਸਿੱਖਿਆ ਨੂੰ ਪਹਿਲ ਦੇਣ ਅਤੇ ਕਿਸੇ ਵੀ ਤਰ੍ਹਾਂ ਦੇ ਦੁਰਵਿਵਹਾਰ, ਪਰੇਸ਼ਾਨੀ ਜਾਂ ਅਣਗਹਿਲੀ ਵਿਰੁੱਧ ਬਿਨਾਂ ਕਿਸੇ ਡਰ ਦੇ ਆਵਾਜ਼ ਉਠਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਬੱਚਿਆਂ ਨੂੰ ਚਾਈਲਡ ਹੈਲਪਲਾਈਨ ਨੰਬਰ 1098 ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਸ਼ਕਲ ਦੀ ਘੜੀ ਵਿੱਚ ਉਹ ਇਸ ਸਹੂਲਤ ਰਾਹੀਂ ਮਦਦ ਪ੍ਰਾਪਤ ਕਰ ਸਕਦੇ ਹਨ।

ਇਸ ਮੌਕੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਦੇਖਭਾਲ, ਸੁਰੱਖਿਆ ਅਤੇ ਸਮਾਜਿਕ ਸ਼ਮੂਲੀਅਤ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਅਜਿਹਾ ਸਹਿਯੋਗੀ ਮਾਹੌਲ ਸਿਰਜਣਾ ਜ਼ਰੂਰੀ ਹੈ, ਜਿੱਥੇ ਹਰੇਕ ਬੱਚੇ ਨੂੰ ਸਨਮਾਨ, ਹੌਸਲਾ ਅਤੇ ਸਿੱਖਣ ਤੇ ਤਰੱਕੀ ਕਰਨ ਦੇ ਬਰਾਬਰ ਮੌਕੇ ਮਿਲਣ।

ਸ਼੍ਰੀਮਤੀ ਬਾਵਾ ਨੇ ਕਿਹਾ ਕਿ ਹਰ ਬੱਚਾ ਸੁਰੱਖਿਅਤ, ਸਤਿਕਾਰਯੋਗ ਅਤੇ ਸਮਾਜ ਦਾ ਅਹਿਮ ਹਿੱਸਾ ਮਹਿਸੂਸ ਕਰਨ ਦਾ ਹੱਕਦਾਰ ਹੈ। ਸਿੱਖਿਆ ਉਦੋਂ ਹੀ ਸਾਰਥਕ ਬਣਦੀ ਹੈ, ਜਦੋਂ ਬੱਚੇ ਆਪਣੇ ਅਧਿਕਾਰਾਂ ਤੋਂ ਜਾਣੂ ਹੋਣ ਅਤੇ ਉਨ੍ਹਾਂ ਨੂੰ ਇਹ ਪਤਾ ਹੋਵੇ ਕਿ ਲੋੜ ਪੈਣ 'ਤੇ ਸਹਾਇਤਾ ਕਿੱਥੋਂ ਮਿਲ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਉਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ ਕਿ ਕੋਈ ਵੀ ਬੱਚਾ ਅਣਸੁਣਿਆ ਜਾਂ ਪਿੱਛੇ ਰਹਿ ਜਾਣ ਦਾ ਅਹਿਸਾਸ ਨਾ ਕਰੇ।

ਪ੍ਰੋਗਰਾਮ ਦੌਰਾਨ ਸੀਨੀਅਰ ਅਧਿਆਪਕ ਅਵਤਾਰ ਸਿੰਘ ਅਤੇ ਸਕੂਲ ਦੇ ਹੋਰ ਅਧਿਆਪਕ ਤੇ ਸਟਾਫ਼ ਮੈਂਬਰ ਵੀ ਮੌਜੂਦ ਸਨ। ਇਸ ਪਹਿਲਕਦਮੀ ਦੇ ਹਿੱਸੇ ਵਜੋਂ ਆਸ ਅਹਿਸਾਸ ਐਨ.ਜੀ.ਓ ਵੱਲੋਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਟੇਸ਼ਨਰੀ ਦੀਆਂ ਵਸਤਾਂ ਵੀ ਵੰਡੀਆਂ ਗਈਆਂ।

## ਯਾਦਾਂ ਵੀ ਇਤਿਹਾਸ ਬਣਦੀਆਂ ਨੇ ਦੋਸਤੋ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦਾ ਜਨਮ 1954 ਦਾ ਹੈ। ਉਦੋਂ ਛੱਬੀ ਸਾਲ ਦੀ ਭਰ ਜੁਆਨ ਸੀ ਜਦ ਮੈਂ 1980 ਵਿੱਚ ਮੈਂ ਇਸ ਦਾ ਮੈਂਬਰ ਬਣਿਆ।

ਲਗਪਗ 46 ਸਾਲਾਂ ਵਿੱਚ ਮੈਂ ਸਾਰੇ ਅਦਬੀ ਰੰਗ ਏਥੇ ਹੀ ਵੇਖੇ ਹਨ। ਮੈਂ ਡਾ. ਮ ਸ ਰੰਧਾਵਾ ਜੀ ਦੀ ਪ੍ਰਧਾਨਗੀ ਵੇਲੇ 1984 ਵਿੱਚ ਕਾਰਜਕਾਰਨੀ ਦਾ ਮੈਂਬਰ ਬਣਿਆ। ਇਸ ਟੀਮ ਵਿੱਚ ਮੈਂ ਤੇ ਡਾ. ਰਵਿੰਦਰ ਰਵੀ ਹੀ ਅਸਲੀ ਕਾਲ਼ੀ ਦਾੜ੍ਹੀ ਵਾਲੇ ਸਾਂ। ਰੰਗਣ ਵਾਲੇ ਕਈ ਸਨ।

ਡਾ. ਰੰਧਾਵਾ ਜੀ ਦੇ ਵਿਛੋੜੇ ਮਗਰੋਂ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਵਾਲੇ ਕਾਰਜਕਾਰੀ ਪ੍ਰਧਾਨ ਬਣੇ। ਉਨ੍ਹਾਂ ਨਾਲ ਵੀ ਕੰਮ ਕੀਤਾ। ਉਨ੍ਹਾਂ ਚਾਰ ਸਾਲਾਂ ਦੀ ਇੱਕੋ ਇੱਕ ਯਾਦਗਾਰੀ ਤਸਵੀਰ ਮੇਰੇ ਕੋਲ ਸੀ ਜੋ ਮੈਂ ਪੰਜਾਬੀ ਭਵਨ ਨੂੰ ਭੇਟ ਕਰ ਦਿੱਤੀ। ਉਹ ਹੁਣ ਵੀ ਪ੍ਰਬੰਧਕੀ ਬਲਾਕ ਵਿੱਚ ਸੁਭਾਇਮਾਨ ਹੈ। ਸਿਆਹ ਸਫ਼ੈਦ ਯਾਦਗਾਰੀ ਫੋਟੋ।

ਹੋਰ ਵੀ ਦੋਸਤਾਂ ਕੋਲ ਤਸਵੀਰਾਂ ਹੋਣਗੀਆ। ਇਹ ਇਕੱਠੀਆਂ ਕਰਕੇ ਸੰਭਾਲਣੀਆਂ ਬਹੁਤ ਜ਼ਰੂਰੀ ਹਨ। ਇਹ ਵੀ ਸੰਭਵ ਬਣਾਇਆ ਜਾ ਸਕਦਾ ਹੈ ਕਿ ਇਸ ਵਿੱਚੋਂ ਕੁਝ ਤਸਵੀਰਾਂ ਛਾਂਟ ਕੇ ਕੌਫੀ ਟੇਬਲ ਬੁੱਕ ਛਾਪੀ ਜਾਵੇ।



ਕਈ ਵਾਰ ਸੋਚਦਾ ਹਾਂ ਕਿ ਇਤਿਹਾਸ ਇਕੱਲੇ ਦਸਤਾਵੇਜ਼ ਨਹੀਂ ਹੁੰਦੇ। ਦਸਤਾਵੇਜ਼ ਤਾਂ ਢਾਂਚਾ ਹੁੰਦੇ ਹਨ। ਰਗਾਂ ਵਿੱਚ ਦੌੜਦਾ ਖ਼ੂਨ ਤਾਂ ਤਸਵੀਰਾਂ ਤੇ ਰੀਕਾਰਡਿੰਗਜ਼ ਪ੍ਰਮਾਣਿਤ ਕਰਦੀਆਂ ਹਨ। ਇਸ ਪਾਸੇ ਵੱਲ ਸਾਨੂੰ ਸਭ ਨੂੰ ਧਿਆਨ ਦੇਣ ਦੀ ਤੁਰੰਤ ਲੋੜ ਹੈ।

ਇੱਕ ਦਿਨ ਮਨ ਯਾਦਾਂ ਦੀ ਪਿਛਲੀ ਗਲ਼ੀ ਵਿੱਚ ਜਾ ਵੜਿਆ। ਇਸ ਤਸਵੀਰ ਨੇ ਛੱਬੀ ਸਾਲ ਪੁਰਾਣੀ ਯਾਦ ਕਰਵਾਈ ਜਦ ਪੰਜਾਬ ਦੇ ਸਾਬਕਾ ਚੀਫ ਸੈਕਟਰੀ ਤੇ ਉੱਘੇ ਪੰਜਾਬੀ ਕਵੀ ਸ. ਅਮਰੀਕ ਸਿੰਘ ਪੂਨੀ ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਸਨ।

ਉਦੋਂ ਰਖੜਾ(ਪਟਿਆਲਾ) ਦਾ ਸ. ਕਰਤਾਰ ਸਿੰਘ ਧਾਲੀਵਾਲ ਪਰਿਵਾਰ ਹਰ ਸਾਲ ਸਿਰਕੱਢ ਪੰਜਾਬੀ ਲੇਖਕਾਂ ਨੂੰ ਸ. ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਦੇਂਦਾ ਸੀ। ਡਾ. ਮ ਸ ਰੰਧਾਵਾ ਨੂੰ ਪ੍ਰੋ. ਨਿਰੰਜਨ ਸਿੰਘ ਮਾਨ ਤੇ ਡਾ. ਪਰਮਿੰਦਰ ਸਿੰਘ ਜੀ ਨੇ ਬੈਂਕਾਕ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਦਰਸ਼ਨ ਸਿੰਘ ਧਾਲੀਵਾਲ ਨੂੰ ਮਿਲਾਇਆ। ਡਾ. ਰੰਧਾਵਾ ਦੀ ਪ੍ਰੇਰਨਾ ਨਾਲ ਇਹ ਪੁਰਸਕਾਰ ਜਾਰੀ ਹੋਏ ਜੋ ਲਗਪਗ 23 ਸਾਲ ਨਿਰਵਿਘਨ ਚੱਲਦੇ ਰਹੇ।

ਬਾਪੂ ਕਰਤਾਰ ਸਿੰਘ ਧਾਲੀਵਾਲ ਪਹਿਲਾਂ ਸਨਮਾਨ ਸਮਾਗਮ ਵਿੱਚ ਆਉਂਦੇ ਰਹੇ ਪਰ ਮਗਰੋਂ ਉਨ੍ਹਾਂ ਦੇ ਤਿੰਨੇ ਪੁੱਤਰ ਸ, ਦਰਸ਼ਨ ਸਿੰਘ ਧਾਲੀਵਾਲ, ਸ. ਸੁਰਜੀਤ ਸਿੰਘ ਧਾਲੀਵਾਲ ਤੇ ਸ. ਚਰਨਜੀਤ ਸਿੰਘ ਧਾਲੀਵਾਲ ਵੀ ਲਗਪਗ ਹਰ ਸਾਲ ਸਮਾਗਮ ਵਿੱਚ ਆਉਂਦੇ ਸਨ।

ਪੰਜਾਬੀ ਭਵਨ ਲੁਧਿਆਣਾ ਅੰਦਰ ਸਾਲ 2000 ਵਿੱਚ ਹੋਏ ਇਸ ਸਮਾਗਮ ਵਿੱਚ ਉੱਘੇ ਪੰਜਾਬੀ ਲੇਖਕਾਂ ਡਾ. ਦਲੀਪ ਕੌਰ ਟਿਵਾਣਾ, ਡਾ. ਰਤਨ ਸਿੰਘ ਜੱਗੀ, ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ, ਸ. ਬਲਦੇਵ ਸਿੰਘ ਸੜਕਨਾਮਾ, ਪੰਜਾਬੀ ਕਵੀ ਸ. ਭਗਵੰਤ ਸਿੰਘ, ਗੀਤਕਾਰ ਤੇ ਫਿਲਮ ਨਿਰਮਾਤਾ ਇੰਦਰਜੀਤ ਹਸਨਪੁਰੀ, ਵਿਦਵਾਨ ਲੇਖਕ ਡਾ. ਧਰਮਪਾਲ ਸਿੰਗਲ,ਪੰਜਾਬੀ ਕਵੀ ਹਰਭਜਨ ਸਿੰਘ ਹੁੰਦਲ, ਗਿਆਨ ਸਾਹਿੱਤ ਲੇਖਕ ਡਾ. ਹਰਦੇਵ ਸਿੰਘ ਵਿਰਕ, ਕਹਾਣੀਕਾਰ ਸੁਖਵੰਤ ਕੌਰ ਮਾਨ, ਡਾ. ਕਰਨੈਲ ਸਿੰਘ ਥਿੰਦ(ਪੁਰਸਕਾਰ ਡਾ. ਜਤਿੰਦਰਪਾਲ ਸਿੰਘ ਜੌਲੀ ਨੇ ਪ੍ਰਾਪਤ ਕੀਤਾ) ਨੂੰ ਸਨਮਾਨਿਤ ਕੀਤਾ ਗਿਆ। ਹੇਠਲੀ ਕਤਾਰ ਵਿੱਚ ਪ੍ਰੋ. ਪ੍ਰੀਤਮ ਸਿੰਘ ਸਨਮਾਨਿਤ ਲੇਖਕਾਂ ਨਾਲ ਖੜ੍ਹੇ ਹਨ।

ਉੱਪਰਲੀ ਕਤਾਰ ਵਿੱਚ ਪੰਜਾਬ ਦੇ ਉਸ ਵਕਤ ਚੀਫ ਸੈਕਟਰੀ ਸ਼੍ਰੀ ਐੱਸ ਕੇ ਟੁਟੇਜਾ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਿਰਪਾਲ ਸਿੰਘ ਔਲਖ, ਸੀਨੀਅਰ ਮੀਤ ਪ੍ਰਧਾਨ ਸ. ਜਗਜੀਤ ਸਿੰਘ ਆਨੰਦ, ਮੀਤ ਪ੍ਰਧਾਨ ਗੁਰਭਜਨ ਗਿੱਲ, ਸਕੱਤਰ ਪ੍ਰੋ. ਰਵਿੰਦਰ ਭੱਠਲ ਤੇ ਡਾ. ਗੁਰਇਕਬਾਲ ਸਿੰਘ ਖੜ੍ਹੇ ਹਨ।

ਇਹ ਤਸਵੀਰ ਮੈਨੂੰ ਅੱਜ ਹੀ ਡਾ. ਕ੍ਰਿਪਾਲ ਸਿੰਘ ਔਲਖ ਜੀ ਦੇ ਖ਼ਜ਼ਾਨੇ ਵਿੱਚੋਂ ਮਿਲੀ ਤਾਂ ਮਨ ਵੈਰਾਗ ਵਿੱਚ ਚਲਾ ਗਿਆ। ਮਾਲ਼ਾ ਵਿੱਚੋਂ ਦਸ ਮਣਕੇ ਕਿਰ ਗਏ ਨੇ।

## ਗੁਰੂ ਅੰਗਦ ਦੇਵ ਜੀ ਦੇ ਗੁਰਤਾਗੱਦੀ ਦਿਵਸ ਤੇ ਲੇਖ –

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ – ਗੁਰਤਾਗੱਦੀ ਦਿਵਸ ਤੇ ਵਿਸ਼ੇਸ਼ ਲੇਖ

ਭੂਮਿਕਾ:




ਸਿੱਖ ਇਤਿਹਾਸ ਵਿੱਚ 1 ਅਕਤੂਬਰ 2026 ਦਾ ਦਿਨ ਬਹੁਤ ਹੀ ਪਵਿੱਤਰ ਦਿਨ ਹੈ। ਇਸ ਦਿਨ ਜਗਤ ਗੁਰੂ ਬਾਬਾ ਨਾਨਕ ਜੀ ਨੇ ਆਪਣੀ ਜੋਤ ਭਾਈ ਲਹਿਣਾ ਜੀ ਵਿੱਚ ਪ੍ਰਵੇਸ਼ ਕਰਵਾ ਕੇ ਉਨ੍ਹਾਂ ਨੂੰ ਦੂਜੇ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਬਣਾਇਆ ਸੀ।

ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਬਣਨ ਤੱਕ ਦਾ ਸਫਰ:

ਭਾਈ ਲਹਿਣਾ ਜੀ ਦਾ ਜਨਮ 31 ਮਾਰਚ 1504 ਨੂੰ ਫਿਰੋਜ਼ਪੁਰ ਦੇ ਪਿੰਡ ਸਰਾਏ ਨਾਗਾ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਮ ਫੇਰੂ ਮੱਲ ਜੀ ਸੀ। ਪਹਿਲਾਂ ਉਹ ਮਾਤਾ ਦੁਰਗਾ ਦੇ ਭਗਤ ਸਨ। ਇੱਕ ਵਾਰ ਉਹ ਭਾਈ ਜੋਧਾ ਜੀ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣ ਕੇ ਕਰਤਾਰਪੁਰ ਆਏ ਅਤੇ ਗੁਰੂ ਜੀ ਦੇ ਅਜਿਹੇ ਦੀਵਾਨੇ ਹੋਏ ਕਿ ਮੁੜ ਕਦੇ ਵਾਪਸ ਨਾ ਗਏ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਦੀ ਬਹੁਤ ਪ੍ਰੀਖਿਆ ਲਈ। ਖੇਤ ਵਿੱਚੋਂ ਚਿੱਕੜ ਚੁੱਕਣਾ, ਕੰਧ ਡਿੱਗਣ ਤੇ ਆਪਣੀ ਜਾਨ ਦੀ ਪਰਵਾਹ ਨਾ ਕਰਕੇ ਕੰਧ ਨੂੰ ਮੋਢਾ ਦੇਣਾ – ਹਰ ਪ੍ਰੀਖਿਆ ਵਿੱਚ ਭਾਈ ਲਹਿਣਾ ਜੀ ਪਹਿਲੇ ਨੰਬਰ ਤੇ ਰਹੇ। ਗੁਰੂ ਜੀ ਨੇ ਖੁਸ਼ ਹੋ ਕੇ ਕਿਹਾ ਕਿ ਤੂੰ ਮੇਰਾ ਹੀ ਅੰਗ ਹੈਂ, ਇਸ ਲਈ ਅੱਜ ਤੋਂ ਤੂੰ ਅੰਗਦ ਹੈਂ।

ਗੁਰਤਾਗੱਦੀ ਦੀ ਮਹੱਤਤਾ:

ਗੁਰੂ ਨਾਨਕ ਦੇਵ ਜੀ ਨੇ ਜੋਤੀ-ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ, ਅੱਸੂ ਵਦੀ ਪੰਚਮੀ 1596 ਬਿਕਰਮੀ ਨੂੰ ਆਪਣੀ ਗੱਦੀ ਭਾਈ ਲਹਿਣਾ ਜੀ ਨੂੰ ਸੌਂਪੀ। ਇਹ ਸਿਰਫ ਇੱਕ ਗੱਦੀ ਨਹੀਂ ਸੀ, ਇਹ ਗੁਰੂ ਨਾਨਕ ਦੀ ਜੋਤ ਸੀ ਜੋ ਇੱਕ ਸਰੀਰ ਤੋਂ ਦੂਜੇ ਸਰੀਰ ਵਿੱਚ ਪ੍ਰਵੇਸ਼ ਕਰ ਗਈ।

ਗੁਰੂ ਅੰਗਦ ਦੇਵ ਜੀ ਦੀਆਂ ਪ੍ਰਮੁੱਖ ਦੇਣਾਂ:

ਗੁਰਮੁਖੀ ਲਿਪੀ: ਗੁਰੂ ਜੀ ਨੇ ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿਪੀ ਦੀ ਦਾਤ ਦਿੱਤੀ ਤਾਂ ਜੋ ਆਮ ਲੋਕ ਗੁਰਬਾਣੀ ਪੜ੍ਹ ਸਕਣ।

ਲੰਗਰ ਪ੍ਰਥਾ: ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੇ ਲੰਗਰ ਨੂੰ ਹੋਰ ਪੱਕਾ ਕੀਤਾ, ਹਰ ਆਉਣ ਵਾਲੇ ਨੂੰ ਪਹਿਲਾਂ ਪੰਗਤ ਵਿੱਚ ਬਿਠਾ ਕੇ ਛਕਾਇਆ ਜਾਂਦਾ ਸੀ, ਫਿਰ ਸੰਗਤ ਵਿੱਚ।

ਮੱਲ ਅਖਾੜਾ: ਸਰੀਰ ਨੂੰ ਤੰਦਰੁਸਤ ਰੱਖਣ ਲਈ ਕੁਸ਼ਤੀ ਅਤੇ ਸਰੀਰਕ ਕਸਰਤ ਨੂੰ ਲਾਜ਼ਮੀ ਕੀਤਾ।

ਬਾਲ ਸੰਭਾਲ: ਗੁਰੂ ਜੀ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ, ਉਨ੍ਹਾਂ ਲਈ ਖੇਡਾਂ ਅਤੇ ਪੜ੍ਹਾਈ ਦਾ ਪ੍ਰਬੰਧ ਕੀਤਾ।

ਸਿੱਖਿਆ: ਗੁਰੂ ਅੰਗਦ ਦੇਵ ਜੀ ਸਾਨੂੰ ਸਿਖਾਉਂਦੇ ਹਨ ਕਿ ਸੇਵਾ, ਨਿਮਰਤਾ ਅਤੇ ਆਗਿਆਕਾਰੀ ਨਾਲ ਹੀ ਰੱਬ ਮਿਲਦਾ ਹੈ। ਜਿਵੇਂ ਭਾਈ ਲਹਿਣਾ ਜੀ ਨੇ ਆਪਣੀ ਹਉਮੈ ਮਾਰ ਕੇ ਗੁਰੂ ਦੀ ਹਰ ਗੱਲ ਮੰਨੀ, ਉਵੇਂ ਹੀ ਸਾਨੂੰ ਵੀ ਆਪਣੇ ਜੀਵਨ ਵਿੱਚ ਨਿਮਰਤਾ ਲਿਆਉਣੀ ਚਾਹੀਦੀ ਹੈ।

ਗੁਰੂ ਅੰਗਦ ਦੇਵ ਜੀ ਦਾ ਜੀਵਨ ਸਾਡੇ ਲਈ ਚਾਨਣ ਮੁਨਾਰਾ ਹੈ ਜੀ।

ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ।

## ਕ੍ਰਾਂਤੀਕਾਰੀ ਤੇ ਕਿਸਾਨੀ ਨੂੰ ਸਮਰਪਿਤ:——— ਲਛਮਣ ਅਲੀਸ਼ੇਰ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਉਹਨੂੰ ਕ੍ਰਾਂਤੀਕਾਰੀ ਕਵਿਤਾ ਦਾ ਨਾਂ ਦਿਆਂ ਜਾਂ ਵਿਦਰੋਹੀ ਸੁਰ ਦਾ ਜਾਂ ਫਿਰ ਜੁਝਾਰੂ ਕਵਿਤਾ ਦਾ ਪਰ ਮੈਨੂੰ ਤਾਂ ਇਹ ਤਿੰਨੋ ਨਾਂਉਹਦੇ ਲਈ ਮੁਨਾਸਬ ਜਾਪਦੇ ਹਨ। ਕਿਉਂਕਿ ਇਹਨਾਂ ਵਿਦਰੋਹੀ ਸੁਰਾਂ ਦੀ ਉਸ ਨੂੰ ਉਸ ਸਮੇਂ ਗੁੜ੍ਹਤੀ ਦਿੱਤੀ ਗਈ ਜਦੋਂ ਉਸਦੇ ਪਿਤਾ ਦਾ ਨਾਂ ਵੀ ਪਾਸ਼ ਦੀ ਕਵਿਤਾ :---- " ਮੈਂ ਲੋਹਾ ਖਾਧਾ ਹੈ। ਤੁਸੀਂ ਲੋਹੇ ਦੀ ਗੱਲ ਕਰਦੇ ਹੋ। " ਵਾਂਗੂੰ ਸਿਖਰਾਂ ਤੇ ਬੋਲਦਾ ਸੀ ਅਤੇ ਮੂਹਰਲੀਆਂ ਕਤਾਰਾਂ ਵਿੱਚ ਸ਼ਾਮਲ ਸੀ। ਇਸ ਕਰਕੇ ਉਸਨੂੰ ਕਦੇ ਵੀ ਪਾਸ਼ ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਦਿਲ ਦੀ ਕਵਿਤਾ ਨਾਲੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਇਹਨਾਂ ਇਨਕਲਾਬੀ ਕਵੀਆਂ ਨੇ ਜੁਝਾਰੂ ਵਿਦਰੋਹੀ ਕਾਵਿ ਧਾਰਾ ਰਾਹੀਂ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦਾ ਉਪਰਾਲਾ ਕੀਤਾ। ਪਰ ਇਸ ਯੋਧੇ ਨੇ ਗਰੀਬ , ਦੁਖੀ ,ਪਛੜੇ ਹੋਏ ਕਿਸਾਨ - ਮਜ਼ਦੂਰਾਂ ਦੇ ਸੰਘਰਸ਼ਮਈ ਘੋਲ ਵਿੱਚ ਆਪਣੇ ਆਪ ਨੂੰ ਸਮਰਪਿਤ ਕਰਕੇ ਸਮਾਜਿਕ ਚੇਤਨਾ ਲਿਆਉਣ ਦਾ ਯਤਨ ਕੀਤਾ। ਲੋਕ ਘੋਲਾਂ ਵਿੱਚ ਆਪਣੀ ਸ਼ਮੂਲੀਅਤ ਕਰਨਾ ਉਹ ਆਪਣਾ ਇਨਕਲਾਬੀ ਧਰਮ ਸਮਝਦਾ ਹੈ। ਇਹ ਗੱਲਾਂ ਹੀ ਉਸ ਦੀ ਪ੍ਰਤੀਬੱਧਤਾ ਅਤੇ ਪ੍ਰਤਿਭਾ ਨੂੰ ਵਿਲੱਖਣ ਹਸਤਾਖਰ ਸਥਾਪਿਤ ਕਰਦੀਆਂ ਹਨ। ਉਹ ਉੱਚੇ ਰੁਤਬੇ ਤੇ ਕਿਰਦਾਰ ਵਾਲਾ ਇਨਸਾਨ ਹੈ। ਉਹ ਸਮਾਜ ਵਿਚ ਫੈਲੀਆਂ ਵਿਸੰਗਤੀਆਂ ਅਤੇ ਦੋਗਲੇ ਕਿਰਦਾਰਾਂ ਤੋਂ ਹਮੇਸ਼ਾ ਦੁਖੀ ਹੀ ਰਿਹਾ ਹੈ। ਕਿਉਂਕਿ ਉਹ ਜ਼ਿੰਦਗੀ ਵਿੱਚ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਸ਼ੋਸ਼ਿਤ ਵਰਗ ਦੇ ਲੋਕਾਂ ਨਾਲ ਖੜਦਾ ਹੈ।ਉਹ ਸਮਾਜਿਕ ,ਆਰਥਿਕ ਤੇ ਰਾਜਨੀਤਕ ਧਰਾਤਲ ਤੇ ਆਪਣੇ ਹੱਕਾਂ ਲਈ ਜੂਝਦੇ ਲੋਕਾਂ ਦੀ ਆਵਾਜ਼ ਬਣਦਾ ਹੈ। ਉਹ ਉਹਨਾਂ ਧਿਰਾਂ ਨਾਲ ਰਹਿ ਕੇ ਕਦਾਚਿੱਤ ਵੀ ਰਾਜੀ ਨਹੀਂ ਜੋ ਸਿਰਫ ਆਪਣਾ ਨਾਮ ਚਮਕਾਉਣ ਤੱਕ ਸੀਮਤ ਹੋਣ ਤੇ ਦੱਬੇ ਕੁੱਚਲੇ ਅਤੇ ਸ਼ੋਸ਼ਿਤ ਵਰਗ ਲਈ ਕੁਝ ਵੀ ਨਾ ਕਰਨ। ਉਸਨੇ ਲੰਮੇ ਅਰਸੇ ਤੋਂ ਆਪਣੇ ਸੰਘਰਸ਼ ਨੂੰ ਜਮਹੂਰੀਅਤ ਲਈ ਸਮਾਜਿਕ ਅਨਿਆਂ ਦੇ ਖਿਲਾਫ਼ ਅਤੇ ਮਾਨਵੀ ਗੌਰਵ ਦੀ ਬਹਾਲੀ ਲਈ ਵਰਤਣ ਦਾ ਸੰਕਲਪ ਕੀਤਾ ਹੋਇਆ ਹੈ। ਇਹ ਹੈ ਅਲੀਸ਼ੇਰਾਂ ਦੇ ਸ਼ੇਰ ਦਾ ਪੁੱਤਰ ਲਛਮਣ ਅਲੀਸ਼ੇਰ।

ਕਿਸਾਨੀ ਅੰਦੋਲਨ ਸਮੇਂ ਕਾਮਰੇਡ ਲਛਮਣ ਅਲੀਸ਼ੇਰ ਪੂਰਾ ਇੱਕ ਸਾਲ ਠੀਕਰੀ ਵਾਡਰ ਤੇ ਬੈਠਾ ਰਿਹਾ। ਉਸਨੇ ਦਿੱਲੀ ਦੀਆਂ ਵਿਰਾਨ ਸੜਕਾਂ ਨੂੰ ਆਪਣਾ ਬਿਸਤਰਾ ਬਣਾਇਆ ਅਤੇ ਦਿੱਲੀ ਦੇ ਫੁੱਟਪਾਥਾਂ ਤੋਂ ਤਕੀਏ ( ਸਿਰਹਾਣਾ ) ਦਾ ਕੰਮ ਲਿਆ। ਉਹ ਬੜਾ ਔਖਾ ਵਕਤ ਸੀ ਜਦੋਂ ਉਸਦੇ ਰਾਤ ਨੂੰ ਸੁੱਤੇ ਪਏ ਉੱਤੇ ਚੂਹੇ,ਨਿਉਲੇ ਅਤੇ ਛਿਪਕਲੀਆਂ ਬਗੈਰਾ ਜਾਨਵਰ ਚੜ੍ਹ ਜਾਂਦੇ। ਮੱਛਰ ਪੂਰੀ ਰਾਤ ਕੱਟਦਾ ਰਹਿੰਦਾ। ਬਰਸਾਤੀ ਮੌਸਮ ਵੇਲੇ ਹੋਰ ਵੀ ਕਠਿਨਾਈ ਆਉਂਦੀ। ਪੂਰੀ ਪੂਰੀ ਰਾਤ ਬੈਠੇ ਬੈਠੇ ਕੱਟਣੀ ਪੈਂਦੀ। ਕੱਪੜਾ ਲੀੜਾ ਸਾਰਾ ਪਾਣੀ ਨਾਲ ਭਿੱਜ ਜਾਣਾ। ਪਰ ਉਸਨੇ ਕਦੇ ਵੀ ਇਹਨਾਂ ਚੀਜ਼ਾਂ ਦੀ ਪ੍ਰਵਾਹ ਨਹੀਂ ਕੀਤੀ। ਉਹ ਆਪਣੇ ਮਿਸ਼ਨ ਦੀ ਪੂਰਤੀ ਵਿੱਚ ਲੱਗਿਆ ਰਿਹਾ। ਕਈ ਉਸਦੇ ਦੋਸਤ ਮਿੱਤਰ ਜੋ ਕਿਸਾਨੀ ਸੰਘਰਸ਼ ਨੂੰ ਦਿੱਲੀ ਦੇਖਣ ਆਉਂਦੇ ਉਸ ਨਾਲ ਤਾਰਿਆਂ ਦੀ ਛਾਵੇਂ ਨਾ ਸੌਂਦੇ। ਆਪਣਾ ਰੈਣ ਬਸੇਰਾ ਇੱਧਰ ਉੱਧਰ ਕਰ ਲੈਂਦੇ। ਕੁਝ ਟਾਂਵੇ ਟਾਂਵੇ ਉਸ ਕੋਲ ਰਾਤ ਜ਼ਰੂਰ ਕੱਟ ਲੈਂਦੇ। ਜਿੰਨ੍ਹਾਂ ਨੂੰ ਕਿਸਾਨੀ ਅੰਦੋਲਨ ਨਾਲ ਦਿਲੋਂ ਹਮਦਰਦੀ ਹੁੰਦੀ। ਪਰ ਉਹ ਆਪਣੀ ਜ਼ਿੱਦ ਦਾ ਪੱਕਾ ਰਿਹਾ ਜਦੋਂ ਤੱਕ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨ ਲਈਆਂ ਗਈਆਂ ਉਹ ਉੱਥੋਂ ਹਿੱਲਿਆ ਨਹੀਂ।

ਇੱਕ ਵਾਰ ਲਛਮਣ ਅਲੀਸ਼ੇਰ ਨੂੰ ਇੱਕ ਸਾਥੀ ਨੇ ਰਾਹਗੀਰ ਵਜੋਂ ਹੀ ਆਵਾਜ਼ ਲਗਾਈ ਕਿ ਕਾਲਜ ਦੇ ਪ੍ਰੋਫ਼ੈਸਰਾਂ ਨੂੰ ਪੁਲਿਸ ਨੇ ਚੁੱਕ ਲਿਆ ਹੈ। ਉਸਨੇ ਪੰਜਾਬ ਪੁਲਿਸ ਦੀ ਗੱਡੀ ਨੂੰ ਜਾ ਘੇਰਿਆ। ਕਾਫੀ ਦੇਰ ਤੱਕ ਪੁਲਿਸ ਨੂੰ ਵਕਤ ਪਾਈਂ ਰੱਖਿਆ। ਇੱਕ ਦੋ ਸਾਥੀ ਹੋਰ ਵੀ ਨਾਲ ਆ ਗਏ। ਪਰ ਪੁਲਿਸ ਵਾਲੇ ਉਹਨਾਂ ਨੂੰ ਪਿੱਛੇ ਧੱਕ ਕੇ ਗੱਡੀ ਭਜਾ ਕੇ ਲੈ ਗਏ। ਪਰ ਇਹ ਯੋਧਾ ਡਰਿਆ ਨਹੀਂ। ਪਰ ਇਨਕਲਾਬੀ ਪ੍ਰਚਮ ਲਹਿਰਾਉਣ ਵਾਲੇ ਕੁਝ ਲੋਕ "ਚੌਰਾਹੇ ਵਿਚ ਕੀਤੇ ਟੂਣੇ" ਅੱਗਿਓਂ ਦੂਰ ਦੀ ਹੋ ਕੇ ਨਿੱਕਲ ਗਏ। ਕੁਝ "ਬਿੱਲੀ ਦੇ ਰਾਹ ਕੱਟਣ" ਵਾਂਗ ਪਿੱਛੇ ਹੀ ਮੁੜ ਗਏ।

ਲਛਮਣ ਅਲੀਸ਼ੇਰ ਅੱਕ ਦੇ ਕੁੱਕੜਾਂ ਵਾਂਗੂੰ ਦਿਖਾਈ ਦਿੰਦਾ ਹੈ। ਉਹ ਕਹਿੰਦਾ ਹੈ ਕਿ ਮੈਂ ਹੋਰਾਂ ਵਾਂਗਰ ਕੁੱਕੜਾਂ ਦੀ ਸ਼ਕਲ ਦੇ ਅੰਬਾਂ ਵਰਗਾ ਮਿੱਠਾ ਤਾਂ ਨਹੀਂ ਜਿਸਨੂੰ ਚੂਪਿਆ ਜਾ ਸਕੇ। ਪਰ ਲੋਕਾਂ ਦੇ ਕੰਮ ਆ ਸਕਾਂ ਇਹ ਮੇਰੇ ਲਈ ਪ੍ਰਭਾਤ ਵੇਲਾ ਹੋਵੇਗਾ।

ਲਛਮਣ ਅਲੀਸ਼ੇਰ ਕਿਸਾਨ ਯੂਨੀਅਨ ਵਿੱਚ ਵੀ ਤਨਦੇਹੀ ਨਾਲ ਕੰਮ ਕਰਦਾ ਹੈ। ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਵਿੱਚ ਕਿਤੇ ਵੀ ਸੰਘਰਸ਼ ਲਈ ਸੱਦਾ ਦਿੱਤਾ ਹੋਵੇ ਉੱਥੇ ਉਹ ਹਾਜ਼ਰ ਹੁੰਦਾ ਹੈ। ਭੂ - ਮਾਫੀਆ ਕਿਤੇ ਵੀ ਕਿਸਾਨਾਂ ਨਾਲ ਧੱਕਾ ਕਰ ਰਿਹਾ ਹੋਵੇ ਉਹ ਲਾਲ ਰੰਗ ਦੀ ਪੱਗ ਬੰਨ ਕੇ ਮੂਹਰਲੀਆਂ ਸਫ਼ਾਂ ਵਿੱਚ ਹਾਜ਼ਰ ਹੁੰਦਾ ਹੈ। ਪੱਲਿਉਂ ਪੈਸੇ ਖਰਚਦਾ ਹੈ। ਕੋਈ ਲੋਭ ਲਾਲਚ ਨਹੀਂ। ਪਰ ਪਿਛਲੇ ਕੁਝ ਸਮੇਂ ਤੋਂ ਲਛਮਣ ਅਲੀਸ਼ੇਰ ਆਪਣਿਆਂ ਕੋਲੋਂ ਚੁਗੀ ਹੋਈ ਕਪਾਹ ਦੇ ਖੇਤ ਵਾਂਗ ਉਦਾਸ ਹੈ। ਆਪਣਿਆਂ ਤੋਂ ਉਦਾਸ ਅਤੇ ਅਸੰਤੁਸ਼ਟ ਹੋਣਾ ਖਤਰਨਾਕ ਹੈ। ਅਸੰਤੁਸ਼ਟੀ ਸ਼ਿਕਵੇ ਅਤੇ ਰੋਹ ਨੂੰ ਜਨਮ ਦੇਂਦੀ ਹੈ। ਸਨੀ ਸੇਖੂਵਾਸ

## -ਖੇਡਾਂ ਵਤਨ ਪੰਜਾਬ ਦੀਆਂ 2026-

### *ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ’ਚ ਖਿਡਾਰੀਆਂ ’ਚ ਭਾਰੀ ਉਤਸਾਹ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 01 ਅਕਤੂਬਰ : ਪੰਜਾਬ ਸਰਕਾਰ ਦੁਆਰਾ ਖੇਡ ਵਿਭਾਗ ਪੰਜਾਬ ਅਤੇ ਜਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਖੇਡਾਂ ਵਤਨ ਪੰਜਾਬ ਦੀਆਂ ਤਹਿਤ –ਬਲਾਕ ਪੱਧਰੀ ਟੂਰਨਾਂਮੈਂਟ ਸਫਲਤਾਪੂਰਵਕ ਮੁਕੰਮਲ ਹੋਣ ਉਪਰੰਤ ਜਿਲ੍ਹਾ ਪੱਧਰ ਖੇਡ ਮੁਕਾਬਲਿਆਂ ਦੀ 29 ਖੇਡਾਂ (ਆਰਚਰੀ, ਐਥਲੈਟਿਕਸ, ਬੈਡਮਿੰਟਨ, ਬਾਸਕਟਬਾਲ, ਬਾਕਸਿੰਗ, ਚੈੱਸ, ਫੈਨਸਿੰਗ, ਫੁੱਟਬਾਲ, ਗੱਤਕਾ, ਹੈਂਡਬਾਲ, ਹਾਕੀ, ਜੁਡੋ, ਕਬੱਡੀ ਨੈਸ਼ਨਲ, ਕਬੱਡੀ ਸਰਕਲ, ਖੋਹ-ਖੋਹ, ਕਿੱਕ ਬਾਕਸਿੰਗ, ਲਾਅਨ ਟੈਨਿਸ, ਨੈੱਟਬਾਲ, ਪਾਵਰ ਲਿਫਟਿੰਗ, ਰੋਲਰ ਸਕੇਟਿੰਗ, ਸ਼ੂਟਿੰਗ, ਸਾਫਟਬਾਲ,ਤੈਰਾਕੀ, ਟੇਬਲ ਟੈਨਿਸ, ਟੈਨਿਸ ਬਾਲ ਕ੍ਰਿਕਟ, ਵਾਲੀਬਾਲ ਸ਼ੂਟਿੰਗ, ਵਾਲੀਬਾਲ ਸਮੈਸ਼ਿੰਗ, ਵੇਟਲਿਫਟਿੰਗ ਅਤੇ ਕੁਸ਼ਤੀ) ਵਿੱਚ ਸ਼ੁਰੂਆਤ ਕਰਦੇ ਹੋਏ ਜਿਲ੍ਹਾ ਪੱਧਰੀ ਖੇਡਾਂ ਦੇ ਤੈਅਸ਼ੁਦਾ ਸ਼ਡਿਊਲ ਅਨੁਸਾਰ ਵੱਖ ਵੱਖ ਖੇਡਾਂ ਐਥਲੈਟਿਕਸ, ਬੈਡਮਿੰਟਨ ਬਾਕਸਿੰਗ, ਫੈਨਸਿੰਗ, ਟੈਨਿਸ ਬਾਲ ਕ੍ਰਿਕਟ ਹੈਂਡਬਾਲ, ਜੁਡੋ,ਲਾਅਨ ਟੈਨਿਸ, ਸ਼ੂਟਿੰਗ, ਟੇਬਲ ਟੈਨਿਸ ,ਵੇਟਲਿਫਟਿੰਗ , ਆਰਚਰੀ, ਚੈੱਸ, ਹਾਕੀ , ਕਬੱਡੀ ਨੈਸ਼ਨਲ, ਕਬੱਡੀ ਸਰਕਲ, ਖੋਹ-ਖੋਹ ,ਨੈੱਟਬਾਲ, ਪਾਵਰ ਲਿਫਟਿੰਗ, ਤੈਰਾਕੀ, ਵਾਲੀਬਾਲ ਸ਼ੂਟਿੰਗ ਤੇ ਵਾਲੀਬਾਲ ਸਮੈਸ਼ਿੰਗ ਦਾ ਟੂਰਨਾਂਮੈਂਟ ਸ਼ੁਰੂ ਹੋ ਚੁੱਕਾ ਹੈ। ਇਹਨਾਂ ਖੇਡਾਂ ਦੇ ਨਤੀਜੇ ਹੇਠ ਲਿਖੇ ਅਨੁਸਾਰ ਹਨ:-

ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਹੋਏ ਐਥਲੈਟਿਕਸ ਖੇਡ ਮੁਕਾਬਲਿਆਂ ਦੇ ਅੰ 17 ਲੜਕੀਆਂ ਦੇ ਗਰੁੱਪ ਵਿੱਚ 3000ਮੀਟਰ ਵਿੱਚ – ਅਰਚਨਾ ਕੁਮਾਰੀ ਨੇ ਪਹਿਲਾ, ਕਿਰਨ ਨੇ ਦੂਜਾ ਅਤੇ ਹਰਸ਼ਦੀਪ ਕੌਰ ਨੇ ਤੀਜਾ ਸਥਾਨ; 800 ਮੀਟਰ ਵਿੱਚ – ਅਦੀਬ ਕੌਰ ਨੇ ਪਹਿਲਾ, ਅੰਸ਼ਿਕਾ ਮਹਿਰਾ ਨੇ ਦੂਜਾ, ਅਨੀਸਾ ਤੇ ਦਿਵਿਆਂਸੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਅੰ21 ਲੜਕੀਆਂ ਦੇ 100 ਮੀਟਰ ਹਰਡਲਜ ਈਵੈਂਟ ਵਿੱਚ – ਜੈਸਮੀਨ ਕੌਰ ਨੇ ਪਹਿਲਾ, ਸਿਮਰਨਜੀਤ ਕੌਰ ਨੇ ਦੂਜਾ ਅਤੇ ਅਮਨਦੀਪ ਕੌਰ ਨੇ ਤੀਜਾ ਸਥਾਨ;400 ਮੀਟਰ ਵਿੱਚ – ਅਕਾਲ ਰੂਪ ਕੌਰ ਨੇ ਪਹਿਲਾ, ਅਮਾਨਤ ਸਿੱਧੂ ਨੇ ਦੂਜਾ ਅਤੇ ਕਮਲਪ੍ਰੀਤ ਕੌਰ ਭੱਲਾ ਨੇ ਤੀਜਾ ਸਥਾਨ; 800 ਮੀਟਰ ਵਿੱਚ – ਕਾਲੀ ਨੇ ਪਹਿਲਾ, ਨਵਦੀਪ ਕੌਰ ਨੇ ਦੂਜਾ ਅਤੇ ਭਾਵਨਾ ਕੌਰ ਨੇ ਤੀਜਾ ਸਥਾਨ; 1500 ਮੀਟਰ ਵਿੱਚ – ਪ੍ਰਿਆ ਕੁਮਾਰੀ ਨੇ ਪਹਿਲਾ, ਰਵੀਨਾ ਨੇ ਦੂਜਾ , ਕਾਲੀ ਤੇ ਨਵਦੀਪ ਕੌਰ ਨੇ ਤੀਜਾ ਸਥਾਨ ; ਡਿਸਕਸ ਥਰੋ – ਦਿਵਨਰ ਗੋਗਨਾ ਨੇ ਪਹਿਲਾ, ਗੁਰਮਹਿਕਪ੍ਰੀਤ ਕੌਰ ਨੇ ਦੂਜਾ ਅਤੇ ਹਰਸਿਮਰਨਜੀਤ ਕੌਰ ਨੇ ਤੀਜਾ ਸਥਾਨ ਲੰਮੀ ਛਾਲ – ਅਮਾਨਤ ਸਿੱਧੂ ਨੇ ਪਹਿਲਾ , ਲਖਵੀਰ ਕੌਰ ਨੇ ਦੂਜਾ ਅਤੇ ਖੁਸ਼ਪ੍ਰੀਤ ਕੌਰ ਨੇ ਤੀਜਾ ਸਥਾਨ; ਪ੍ਰਾਪਤ ਕੀਤਾ।

21-30 ਫੀਮੇਲ ਗਰੁੱਪ ਦੇ 400 ਮੀਟਰ ਈਵੈਂਟ ਵਿੱਚ –ਸਿਮਰਨਜੋਤ ਕੌਰ ਨੇ ਪਹਿਲਾ, ਕਿਰਨਦੀਪ ਕੌਰ ਨੇ ਦੂਜਾ ਅਤੇ ਨਵਜੋਤ ਕੌਰ ਨੇ ਤੀਜਾ ਸਥਾਨ; 800 ਮੀਟਰ – ਕਿਰਨਦੀਪ ਕੌਰ ਨੇ ਪਹਿਲਾ, ਬਬੀਤਾ ਕੁਮਾਰੀ ਨੇ ਦੂਜ਼ਾ ਅਤੇ ਨੀਰਜ ਸਿੰਘ ਨੇ ਤੀਜਾ ਸਥਾਨ; ਲੰਮੀ ਛਾਲ – ਹਰਲੀਨ ਕੌਰ ਨੇ ਪਹਿਲਾ, ਸ਼ਿਵਾਨੀ ਨੇ ਦੂਜਾ ਅਤੇ ਨਵਜੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਸਰਕਾਰੀ ਕਾਲਜ ਲੜਕੀਆਂ ਲੁਧਿਆਣਾ ਵਿਖੇ ਹੋਏ ਨੈੱਟਬਾਲ ਮੇਲ ਵਰਗ ਦੇ ਅੰ17 ਦੇ ਮੁਕਾਬਲਿਆਂ ਵਿੱਚ ਪੀ ਐਮ ਸ਼੍ਰੀ ਭੈਣੀ ਬੜਿੰਗਾ ਦੀ ਟੀਮ ਨੇ ਪਹਿਲਾ ਸਥਾਨ, ਜੀ ਐਚ ਜੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮੰਡੀ ਬਹਾਦਰਗੜ੍ਹ ਦੀ ਟੀਮ ਨੇ ਦੂਜਾ ਅਤੇ ਪਿੰਡ ਤਾਜਪੁਰ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰ21 ਦੇ ਮੁਕਾਬਲਿਆਂ ਵਿੱਚ ਪੀ ਐਮ ਸ਼੍ਰੀ ਭੈਣੀ ਬੜਿੰਗਾ ਦੀ ਟੀਮ ਨੇ ਪਹਿਲਾ ਸਥਾਨ, ਜੀ ਐਚ ਜੀ ਖਾਲਸਾ ਸੀਨੀ ਸੈਕੰਡਰੀ ਸਕੂਲ ਮੰਡੀ ਬਹਾਦਰਗੜ੍ਹ ਦੀ ਟੀਮ ਨੇ ਦੂਜਾ ਸਥਾਨ, ਲੱਖਾ ਸਿੰਘ ਵਾਲਾ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ

ਫੀਮੇਲ ਵਰਗ ਦੇ ਅੰ14 ਦੇ ਮੁਕਾਬਲਿਆਂ ਵਿੱਚ – ਪੀ ਐਮ ਸ਼੍ਰੀ ਸ ਸ ਸ ਸਕੂਲ ਭੈਣੀ ਬੜਿੰਗਾ ਦੀ ਟੀਮ ਨੇ ਪਹਿਲਾ ਸਥਾਨ, ਜੀਜਸ ਸੈਕਰਡ ਹਾਰਟ ਸਕੂਲ ਲੁਧਿਆਣਾ ਦੀ ਟੀਮ ਨੇ ਦੂਜਾ ਸਥਾਨ, ਦ੍ਰਿਸ਼ਟੀ ਪਬਲਿਕ ਸਕੂਲ ਨਾਰੰਗਵਾਲ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਸਾਸ਼ਤਰੀ ਬੈਡਮਿੰਟਨ ਹਾਲ ਵਿਖੇ ਹੋਏ ਬੈਡਮਿੰਟਨ ਦੇ 21-30 ਮੇਲ ਵਰਗ ਦੇ ਫਾਈਨਲ ਮੁਕਾਬਲਿਆਂ ਵਿੱਚ ਵਕੁਲ ਸ਼ਰਮਾ ਨੇ ਪਹਿਲਾ, ਮਿਲਨ ਮਲਹੋਤਰਾ ਨੇ ਦੂਜ਼ਾ, ਪ੍ਰਤੀਕ ਬੱਤਰਾ ਅਤੇ ਰੌਸ਼ਨ ਨੇ ਤੀਜਾ ਸਥਾਨ; 31-40 ਗਰੁੱਪ ਵਿੱਚ – ਸਚਿਨ ਕੁਮਾਰ ਨੇ ਪਹਿਲਾ, ਪੁਨੀਤਇੰਦਰ ਸਿੰਘ ਗਰੇਵਾਲ ਨੇ ਦੂਜ਼ਾ, ਮਨਪ੍ਰੀਤ ਸਿੰਘ ਤੇ ਨਿਖਿਲ ਰਾਮਦੇਵ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੀ ਏ ਯੂ ਲੁਧਿਆਣਾ ਵਿਖੇ ਹੋਏ ਹੈਂਡਬਾਲ 21-30 ਫੀਮੇਲ ਗਰੁੱਪ ਦੇ ਫਾਈਨਲ ਮੁਕਾਬਲਿਆਂ ਵਿੱਚ ਪੀ ਏ ਯੂ ਕਲੱਬ ਨੇ ਪਹਿਲਾ ਸਥਾਨ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਨੇ ਦੂਜਾ ਸਥਾਨ ਅਤੇ ਜਿਮਖਾਨਾ ਕਲੱਬ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਅੰ17 ਲੜਕਿਆਂ ਦੇ ਮੁਕਾਬਲਿਆਂ ਵਿੱਚ – ਬੀ ਵੀ ਐਮ ਸਕੂਲ ਕਿਚਲੂ ਨਗਰ ਦੀ ਟੀਮ ਨੇ ਡੀ ਏ ਵੀ ਕਲੱਬ ਨੂੰ 9-5 ਦੇ ਫਰਕ ਨਾਲ, ਪੀ ਏ ਯੂ ਦੀ ਟੀਮ ਨੇ ਜਵਾਹਰ ਨਵੋਦਿਆ ਵਿਦਿਆਲਿਆ ਦੀ ਟੀਮ ਨੂੰ 14-8 ਦੇ ਫਰਕ ਨਾਲ, ਬੀ ਵੀ ਐਮ ਊਧਮ ਸਿੰਘ ਨਗਰ ਦੀ ਟੀਮ ਨੇ ਜੀਜਸ ਸੈਕਰਡ ਹਾਰਟ ਦੀ ਟੀਮ ਨੂੰ 7-0 ਦੇ ਫਰਕ ਨਾਲ , ਅੰਮ੍ਰਿਤ ਇੰਡੋ ਕਨੇਡੀਅਨ ਦੀ ਟੀਮ ਨੇ ਜਵੱਦੀ ਕਲੱਬ ਨੂੰ 15-7 ਦੇ ਫਰਕ ਨਾਲ ਹਰਾਇਆ।

ਲੁਧਿਆਣਾ ਵੇਟ ਲਿਫਟਿੰਗ ਐਂਡ ਬਾਡੀ ਬਿਲਡਿੰਗ ਕਲੱਬ ਰੱਖ ਬਾਗ ਲੁਧਿਆਣਾ ਵਿਖੇ ਹੋਏ 14 ਲੜਕਿਆਂ ਦੇ ਮੁਕਾਬਲਿਆਂ ਵਿੱਚ – 40ਕਿਲੋ ਵੇਟ ਕੈਟਾਗਿਰੀ ਵਿੱਚ – ਦਸਮੀਤ ਸਿੰਘ ਨੇ ਪਹਿਲਾ, ਰੋਸ਼ਨ ਚੰਦਰ ਵੰਸ਼ੀ ਨੇ ਦੂਜ਼ਾ ਅਤੇ ਏਕਮਜੀਤ ਸਿੰਘ ਨੇ ਤੀਜਾ ਸਥਾਨ; 45 ਕਿਲੋਗ੍ਰਾਮ ਵਿੱਚ – ਉਮਰਾਨ ਸਿੰਘ ਨੇ ਪਹਿਲਾ, ਪ੍ਰਿੰਸ ਕੁਮਾਰ ਨੇ ਦੂਜਾ ਅਤੇ ਵੀਰ ਕੁਮਾਰ ਨੇ ਤੀਜਾ ਸਥਾਨ; 50 ਕਿਲੋਗ੍ਰਾਮ ਵਿੱਚ –ਪਰਕੇਤ ਨੇ ਪਹਿਲਾ, ਕਰਨਵੀਰ ਸਿੰਘ ਨੇ ਦੂਜਾ ਸਥਾਨ, ਸੁਖਦੀਪ ਸਿੰਘ ਔਜਲਾ ਨੇ ਤੀਜਾ ਸਥਾਨ; 55 ਕਿਲੋਗ੍ਰਾਮ ਵਿੱਚ –ਗੁਰਫਤਿਹ ਸਿੰਘ ਨੇ ਪਹਿਲਾ, ਦਿਲਜੋਤ ਸਿੰਘ ਨੇ ਦੂਜਾ ਅਤੇ ਜਸ਼ਮੀਤ ਸਿੰਘ ਨੇ ਤੀਜਾ ਸਥਾਨ; 70 ਕਿਲੋਗ੍ਰਾਮ ਵਿੱਚ –ਅਮੀਤੋਜ ਸਿੰਘ ਨੇ ਪਹਿਲਾ, ਰੇਆਨ ਸੇਠੀ ਨੇ ਦੂਜਾ ਅਤੇ ਮਨਨ ਘਈ ਨੇ ਤੀਜਾ ਸਥਾਨ ਪ੍ਰਾਪਤ ਕੀਤਾ।